**ਪੰਜਾਬ ਸਕੂਲ ਸਿੱਖਿਆ ਬੋਰਡ**

**(ਕੰਡਕਟ ਸਾਖਾ)**

**ਪ੍ਰੈਸ ਨੋਟ**

ਪੰਜਾਬ ਸਕੂਲ ਸਿੱਖਿਆ ਬੋਰਡ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਅਨੁਪੂਰਕ ਪਰੀਖਿਆਵਾਂ (ਸਮੇਤ ਓਪਨ ਸਕੂਲ) ਅਤੇ ਵਾਧੂ ਵਿਸ਼ੇ ਦੀ ਪਰੀਖਿਆ ਦਾ ਨਤੀਜਾ ਕ੍ਰਮਵਾਰ ਦਸਵੀਂ ਸ਼੍ਰੇਣੀ ਮਿਤੀ 06-10-2023 ਨੂੰ ਅਤੇ ਬਾਰ੍ਹਵੀਂ ਸ਼੍ਰੇਣੀ ਦਾ ਮਿਤੀ 05-10-2023 ਨੂੰ ਘੋਸ਼ਿਤ ਕੀਤਾ ਜਾ ਚੁੱਕਾ ਹੈ । ਇਨ੍ਹਾਂ ਪਰੀਖਿਆਵਾਂ ਨਾਲ ਸਬੰਧਤ ਪਰੀਖਿਆਰਥੀ ਜੇਕਰ ਰੀ –ਚੈਕਿੰਗ / ਰੀ – ਵੈਲੂਏਸ਼ਨ ਕਰਵਾਉਣਾ ਚਾਹੁੰਦੇ ਹਨ ਤਾਂ ਆਨ –ਲਾਈਨ ਫਾਰਮ ਅਤੇ ਫੀਸ ਭਰਨ ਲਈ ਮਿਤੀ 11-10-2023 ਤੋਂ 26-10-2023 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਪਰੀਖਿਆਰਥੀ ਆਨ –ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਇਸ ਦਾ ਪ੍ਰਿੰਟ ਆਪਣੇ ਕੋਲ ਰੱਖਣ। ਹਾਰਡ ਕਾਪੀ ਦਫ਼ਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀਂ ਹੈ। ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬੱਧ ਹੈ ਅਤੇ ਲੋੜ ਸਮੇਂ ਈ-ਮੇਲ srsecconduct.pseb@punjab.gov.in ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਗੁਰਪ੍ਰੇਮ ਸਿੰਘ)
ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ

# ਪੰਜਾਬ ਸਕੂਲ ਸਿੱਖਿਆ ਬੋਰਡ

## ਮੁੜ ਮੁਲਾਂਕਣ (Re-evaluation)ਸਬੰਧੀ ਵਿਨਿਯਮ ਅਤੇ ਹਦਾਇਤਾਂ

1) ਮੁੜ ਮੁਲਾਂਕਣ ਕੇਵਲ ਲਿਖਤੀ ਪੇਪਰਾਂ (Theory Papers) ਦਾ ਹੋਵੇਗਾ ਅਤੇ ਪ੍ਰਯੋਗੀ ਪੇਪਰਾਂ (Practical Papers) ਦਾ ਮੁੜ ਮੁਲਾਂਕਣ ਨਹੀਂ ਹੋਵੇਗਾ।
2) ਬੋਰਡ ਵੱਲੋਂ ਨਤੀਜਾ ਘੋਸ਼ਿਤ ਕੀਤੇ ਜਾਣ ਤੋਂ ਬਾਅਦ, ਮੁੜ ਮੁਲਾਂਕਣ ਦੀ ਫੀਸ ਅਤੇ ਫਾਰਮ ਕੇਵਲ ਆਨਲਾਈਨ ਭਰਿਆ ਜਾਵੇ। ਪਰੀਖਿਆਰਥੀ ਆਨ-ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਉਸ ਦਾ ਪ੍ਰਿੰਟ ਆਪਣੇ ਕੋਲ ਰੱਖੇਗਾ। ਜਾਰੀ ਕੀਤੇ ਸ਼ਡਿਊਲ ਵਿੱਚ ਦਰਜ ਮਿਤੀਆਂ ਤੋਂ ਬਾਅਦ ਕੋਈ ਵੀ ਫਾਰਮ ਸਵਿਕਾਰ ਨਹੀਂ ਕੀਤਾ ਜਾਵੇਗਾ।
3) ਨਿਰਧਾਰਿਤ ਕੀਤੀ ਮੁੜ ਮੁਲਾਂਕਣ ਦੀ ਫੀਸ ਤੋਂ ਬਿਨਾਂ /ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਭਾਵ ਅਜਿਹੇ ਫਾਰਮ ਬਿਨਾਂ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। ਮੁੜ ਮੁਲਾਂਕਣ ਦੀ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ/ਐਡਜਸਟ (Refund/Adjust) ਨਹੀਂ ਹੋਵੇਗੀ।

| | |
|---|---|
| ਮੁੜ ਮੁਲਾਂਕਣ ਫੀਸ | 1000/ਰੁ : ਪ੍ਰਤੀ ਉੱਤਰ ਪੱਤਰੀ |
| ਉੱਤਰ-ਪੱਤਰੀ ਦੀ ਫੋਟੋਕਾਪੀ ਦਸਤੀ ਪ੍ਰਾਪਤ ਕਰਨ ਦੀ ਪ੍ਰੋਸੈਸਿੰਗ ਫੀਸ | 500/- ਰੁ: ਅਤੇ 2/-ਰੁ: ਪ੍ਰਤੀ ਪੰਨਾ(ਫੋਟੋ ਕਾਪੀ) |

4) ਮੁੜ ਮੁਲਾਂਕਣ ਕੀਤੀਆਂ ਉੱਤਰ ਪੱਤਰੀਆਂ ਦੇ ਨਤੀਜੇ ਵਿੱਚ ਸੋਧ ਕੀਤੀ ਜਾਵੇਗੀ ਭਾਵ ਜੇਕਰ ਅੰਕ ਵੱਧ ਜਾਂਦੇ ਹਨ ਤਾਂ ਵੱਧ ਅੰਕਾਂ ਅਨੁਸਾਰ, ਜੇਕਰ ਅੰਕ ਘੱਟ ਜਾਂਦੇ ਹਨ ਤਾਂ ਘੱਟ ਅੰਕਾਂ ਅਨੁਸਾਰ ਨਤੀਜਾ ਸੋਧਿਆ ਜਾਵੇਗਾ। ਮੁੜ ਮੁਲਾਂਕਣ ਉਪਰੰਤ ਘੋਸ਼ਿਤ ਨਤੀਜਾ, ਅੰਤਿਮ ਨਤੀਜਾ ਹੋਵੇਗਾ।
5) ਜੇਕਰ ਮੁੜ ਮੁਲਾਂਕਣ ਉਪਰੰਤ ਉੱਤਰ ਪੱਤਰੀ ਦੀ ਫੋਟੋਕਾਪੀ ਲੈਣੀ ਹੈ ਤਾਂ ਵਾਧੂ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪਹਿਲਾਂ ਦਿੱਤੇ ਸ਼ਡਿਊਲ /ਨਿਰਧਾਰਿਤ ਮਿਤੀਆਂ ਅਨੁਸਾਰ ਹੀ ਅਪਲਾਈ ਕਰਨਾ ਪਵੇਗਾ।
6) ਮੁੜ ਮੁਲਾਂਕਣ (Re-evaluation) ਉਪਰੰਤ ਉੱਤਰ ਪੱਤਰੀ ਦੀ ਫੋਟੋ ਕਾਪੀ ਮੁਹੱਈਆ ਕਰਵਾਉਣ ਲਈ ਸੂਚਨਾ ਬੋਰਡ ਦੀ ਵੈਬਸਾਈਟ ਤੇ ਦਿੱਤੀ ਜਾਵੇਗੀ। ਇਸ ਲਈ ਮੁੜ ਮੁਲਾਂਕਣ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਬੋਰਡ ਦੀ ਵੈਬਸਾਈਟ ਚੈੱਕ ਕਰਨ ਦੀ ਜਿੰਮੇਵਾਰੀ ਸਬੰਧਤ ਪਰੀਖਿਆਰਥੀ ਦੀ ਹੋਵੇਗੀ। ਇਸ ਸਬੰਧੀ ਕਿਸੇ ਵੀ ਪਰੀਖਿਆਰਥੀ ਨੂੰ ਵੱਖਰੇ ਤੌਰ ਤੇ ਸੂਚਿਤ ਨਹੀਂ ਕੀਤਾ ਜਾਵੇਗਾ।
7) ਮੁੜ ਮੁਲਾਂਕਣ ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈੱਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਅੰਕਾਂ ਵਿੱਚ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਪਰੀਖਿਆ ਸ਼ਾਖਾ ਵੱਲੋਂ ਕੀਤੀ ਜਾਵੇਗੀ ਅਤੇ ਪਰੀਖਿਆਰਥੀ ਨੂੰ ਸਬੰਧਤ ਪਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਸਰਟੀਫਿਕੇਟ ਜਮ੍ਹਾ ਕਰਵਾ ਕੇ ਨਵਾਂ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ। ਇਸ ਲਈ ਅਸਲ ਸਰਟੀਫਿਕੇਟ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਬੋਰਡ ਦਫਤਰ ਨੂੰ ਭੇਜਿਆ ਜਾਵੇ।

# ਪੰਜਾਬ ਸਕੂਲ ਸਿੱਖਿਆ ਬੋਰਡ

Print Date:
Date of Submitting

ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਸਤੰਬਰ 2023 ਦੀਆਂ ਅਨੁਪੂਰਕ ਪਰੀਖਿਆਵਾਂ (ਸਮੇਤ ਓਪਨ ਸਕੂਲ) ਅਤੇ ਵਾਧੂ ਵਿਸ਼ੇ ਦੀ ਉੱਤਰ ਪੱਤਰੀ ਦੇ ਮੁੜ ਮੁਲਾਂਕਣ (Re-evaluation)ਲਈ ਬਿਨੇ-ਪੱਤਰ।

Ref No........................../R2

Set No:-

| | | | |
|---|---|---|---|
| ਰੋਲ ਨੰਬਰ | | ਸਾਲ/ਸੈਸ਼ਨ | |
| ਗਰੁੱਪ | | ਕੈਟਾਗਰੀ | |
| ਪਰੀਖਿਆਰਥੀ ਦਾ ਨਾਂ | | ਪਿਤਾ ਦਾ ਨਾਂ | |
| ਫੋਨ/ਮੋਬਾਇਲ ਨੰ: | | ਈ.ਮੇਲ | |
| ਪਰੀਖਿਆ ਕੇਂਦਰ/ਕਾਲਜ/ਸਕੂਲ ਦਾ ਨਾਂ | | | |

ਘੋਸ਼ਿਤ ਹੋਇਆ ਨਤੀਜਾ (ਵਿਸ਼ਿਆਂ ਦੇ ਵੇਰਵੇ)

| Sr. No. | Subject | Obt. Marks | Re-evaluation | Get Answer sheet copy | Total Fees |
|---|---|---|---|---|---|
| | | | | | |

ਬਿਨੈਕਾਰ ਦੀ ਹੱਥ ਲਿਖਤ ਨਮੂਨਾ:- ..............................................................................................................

..............................................................................................................

..............................................................................................................

Candidate Address:-

ਤਸਦੀਕ ਕੀਤਾ ਜਾਂਦਾ ਹੈ ਕਿ ਮੁੜ ਮੁਲਾਂਕਣ (Re-evaluation) ਕਰਨ ਉਪਰੰਤ ਮੇਰੇ ਪ੍ਰਾਪਤ ਅੰਕਾਂ ਵਿੱਚ ਕੋਈ ਵੀ ਤਬਦੀਲੀ ਹੁੰਦੀ ਹੈ ਭਾਵੇਂ ਉਹ ਘੱਟ ਜਾਣ,ਮੈਨੂੰ ਮੰਨਜੂਰ ਹੋਵੇਗਾ। ਮੇਰੇ ਵੱਲੋਂ ਸਾਰੀਆਂ ਹਦਾਇਤਾਂ ਪੜ੍ਹ ਲਈਆਂ ਗਈਆਂ ਹਨ ਅਤੇ ਮੈਂ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

ਪਰੀਖਿਆਰਥੀ ਦੇ ਹਸਤਾਖਰ

| 1. ਪੱਤਰ ਵਿਹਾਰ ਲਈ ਪਤਾ | 2. ਪੱਤਰ ਵਿਹਾਰ ਲਈ ਪਤਾ |
|---|---|
| | |

For office use only

Received on: Ref No: Received By:

## ਪੰਜਾਬ ਸਕੂਲ ਸਿੱਖਿਆ ਬੋਰਡ
### ਰੀ-ਚੈਕਿੰਗ ਸਬੰਧੀ ਵਿਨਿਯਮ ਅਤੇ ਹਦਾਇਤਾਂ

1. ਬੋਰਡ ਵੱਲੋਂ ਨਤੀਜਾ ਐਲਾਨੇ ਜਾਣ ਤੋਂ ਬਾਅਦ ਰੀ-ਚੈਕਿੰਗ ਦੇ ਸ਼ਡਿਊਲ ਅਨੁਸਾਰ ਫਾਰਮ/ਫੀਸ ਆਨ-ਲਾਈਨ ਹੀ ਜਮ੍ਹਾਂ ਕਰਵਾਈ ਜਾਵੇ। ਇਸ ਉਪਰੰਤ ਰੀਚੈਕਿੰਗ ਫਾਰਮ/ਫੀਸ ਦਾ ਪ੍ਰਿੰਟ ਪ੍ਰੀਖਿਆਰਥੀ ਆਪਣੇ ਕੋਲ ਰੱਖੇਗਾ। ਦਫਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀ ਹੈ।

2. ਰੀਚੈਕਿੰਗ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ:-
   - ਕੀ ਉੱਤਰ-ਪੱਤਰੀਆਂ ਦਾ ਕਲਿੱਪ ਠੀਕ ਲੱਗਾ ਹੈ, ਭਾਵ ਉਸ ਵਿੱਚੋਂ ਕੋਈ ਪੰਨਾਂ ਨਿਕਲਿਆ, ਫਟਿਆ ਜਾਂ ਬਦਲਿਆ ਤਾਂ ਨਹੀਂ ਅਤੇ ਉੱਤਰ-ਪੱਤਰੀ ਦੇ ਪੰਨਿਆਂ ਦੀ ਗਿਣਤੀ ਪੂਰੀ ਹੈ।
   - ਕੀ ਉੱਤਰ ਪੱਤਰੀ ਤੇ ਦਰਜ ਸਾਰੇ ਪ੍ਰਸ਼ਨ-ਉੱਤਰ ਪਰੀਖਿਅਕ ਵੱਲੋਂ ਮਾਰਕ ਕੀਤੇ ਗਏ ਹਨ।
   - ਕੀ ਉੱਤਰ-ਪੱਤਰੀ ਤੇ ਦਰਜ ਸਾਰੇ ਪ੍ਰਸ਼ਨਾਂ ਲਈ ਦਿੱਤੇ ਅੰਕਾਂ ਦਾ ਕੁੱਲ ਜੋੜ, ਉੱਤਰ-ਪੱਤਰੀ ਦੇ ਮੁੱਢਲੇ (Title) ਪੰਨੇ ਤੇ ਠੀਕ ਲਿਖਿਆ ਹੈ।

3. ਨਿਰਧਾਰਿਤ ਕੀਤੀ ਰੀ-ਚੈਕਿੰਗ ਦੀ ਫੀਸ ਤੋਂ ਬਿਨ੍ਹਾ ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਭਾਵ ਅਜਿਹੇ ਫਾਰਮ ਬਿਨ੍ਹਾ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। ਰੀ-ਚੈਕਿੰਗ ਦੀ ਜਮ੍ਹਾ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ/ ਐਡਜਸਟ ਨਹੀਂ ਹੋਵੇਗੀ।

4. ਰੀ-ਚੈਕਿੰਗ ਦੀ ਫੀਸ 500/-ਰੁਪਏ ਪ੍ਰਤੀ ਉੱਤਰ-ਪੱਤਰੀ ਹੈ।

5. ਪਰੀਖਿਆਰਥੀ ਵੱਲੋਂ ਉੱਤਰ-ਪੱਤਰੀ ਦੀ ਫੋਟੋ ਕਾਪੀ ਦੀ ਮੰਗ ਤੇ ਪ੍ਰੋਸੈਸਿੰਗ ਫੀਸ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਉੱਤਰ-ਪੱਤਰੀ ਦੀ ਫੋਟੋ ਕਾਪੀ ਪ੍ਰਾਪਤ ਕਰਨ ਲਈ ਪ੍ਰੋਸੈਸਿੰਗ ਫੀਸ | 500/-ਰੁਪਏ ਅਤੇ 2/-ਰੁਪਏ ਪ੍ਰਤੀ ਪੰਨਾ (ਫੋਟੋ ਕਾਪੀ) |

6. ਰੀ-ਚੈਕਿੰਗ ਫੀਸ ਅਤੇ ਪ੍ਰੋਸੈਸਿੰਗ ਫੀਸ (ਦੋਨਾਂ ਦੀ ਫੀਸ) ਭਰਨ ਤੇ ਉੱਤਰ-ਪੱਤਰੀ ਕੇਵਲ ਪਰੀਖਿਆਰਥੀ ਨੂੰ ਹੀ ਵਿਖਾਈ ਜਾਵੇਗੀ। ਜੇਕਰ ਰੀਚੈਕਿੰਗ ਉਪਰੰਤ ਉੱਤਰ-ਪੱਤਰੀ ਦੀ ਫੋਟੋ ਕਾਪੀ ਲੈਣੀ ਹੈ ਤਾਂ ਵਾਧੂ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪਹਿਲਾਂ ਦਿੱਤੇ ਨਿਰਧਾਰਿਤ ਮਿਤੀਆਂ/ਸਡਿਊਲ ਅਨੁਸਾਰ ਹੀ ਅਪਲਾਈ ਕਰਨਾ ਪਵੇਗਾ।

7. ਰੀ-ਚੈਕਿੰਗ ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਬੋਰਡ ਦੀ ਪਰੀਖਿਆ ਸ਼ਾਖਾ ਵੱਲੋਂ ਕਰਵਾਈ ਜਾਵੇਗੀ ਅਤੇ ਪਰੀਖਿਆਰਥੀ ਨੂੰ ਸਬੰਧਤ ਪਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਸਰਟੀਫਿਕੇਟ ਜਮ੍ਹਾ ਕਰਵਾਕੇ ਨਵਾਂ ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਇਸ ਲਈ ਅਸਲ ਸਰਟੀਫਿਕੇਟ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਭੇਜਿਆ ਜਾਵੇ।

8. ਰੀ-ਚੈਕਿੰਗ ਦਾ ਫਾਰਮ ਭਰਨ ਦੀ ਮਿਤੀ: 11-10-2023 ਤੋਂ 26-10-2023 ਤੱਕ

9. ਰੀਚੈਕਿੰਗ ਦਾ ਨਤੀਜਾ ਮਿਤੀ 30-11-2023 ਨੂੰ ਬੋਰਡ ਦੀ ਵੈੱਬ-ਸਾਈਟ (pseb.ac.in) ਤੇ ਦੇਖਿਆ ਜਾ ਸਕਦਾ ਹੈ।

## ਪੰਜਾਬ ਸਕੂਲ ਸਿੱਖਿਆ ਬੋਰਡ

Print Date:
Date of Submitting

ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਸਤੰਬਰ 2023 ਦੀਆਂ ਅਨੁਪੂਰਕ ਪਰੀਖਿਆਵਾਂ (ਸਮੇਤ ਓਪਨ ਸਕੂਲ) ਅਤੇ ਵਾਧੂ ਵਿਸ਼ੇ ਦੀ ਉੱਤਰ ਪੱਤਰੀ ਦੀ ਰੀ-ਚੈਕਿੰਗ ਲਈ ਬਿਨੈ-ਪੱਤਰ।

Ref No......................../R1 Set No:-

| | | | |
|---|---|---|---|
| ਰੋਲ ਨੰਬਰ | | ਸਾਲ/ਸੈਸ਼ਨ | |
| ਗਰੁੱਪ | | ਕੈਟਾਗਰੀ | |
| ਪਰੀਖਿਆਰਥੀ ਦਾ ਨਾਂ | | ਪਿਤਾ ਦਾ ਨਾਂ | |
| ਫੋਨ/ਮੋਬਾਇਲ ਨੰ: | | ਈ.ਮੇਲ | |
| ਪਰੀਖਿਆ ਕੇਂਦਰ/ਕਾਲਜ/ਸਕੂਲ ਦਾ ਨਾਂ | | | |

ਘੋਸ਼ਿਤ ਹੋਇਆ ਨਤੀਜਾ (ਵਿਸ਼ਿਆਂ ਦੇ ਵੇਰਵੇ)

| Sr. No. | Subject | Obt. Marks | Rechecking | Get Answer sheet copy | Total Fees |
|---|---|---|---|---|---|
| | | | | | |

ਬਿਨੈਕਾਰ ਦੀ ਹੱਥ ਲਿਖਤ ਨਮੂਨਾ:-..........................................................................
..........................................................................
..........................................................................

Candidate Address:-

ਪਰੀਖਿਆਰਥੀ ਦੇ ਹਸਤਾਖਰ

| 1. ਪੱਤਰ ਵਿਹਾਰ ਲਈ ਪਤਾ | 2. ਪੱਤਰ ਵਿਹਾਰ ਲਈ ਪਤਾ |
|---|---|
| | |